# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੇਅਰ ਸ਼ਿਵ ਸੂਦ ਵੱਲੋਂ ਵਾਰਡ ਨੰ: 13 ਦੇ ਬਾਜੀਗਰ ਮੁਹੱਲਾ ਵਿਖੇ 24.98 ਲੱਖ ਰੁਪਏ ਦੀ ਲਾਗਤ ਨਾਲ ਇੰਨਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ

ਹੁਸ਼ਿਆਰਪੁਰ 1 ਜੂਨ ਨਗਰ ਨਿਗਮ ਦੇ ਸਾਰੇ ਵਾਰਡਾਂ ਦੀਆਂ ਲਿੰਕ ਸੜਕਾਂ ਅਤੇ ਗਲੀਆਂ ਇੰਟਰਲਾਕਿੰਗ ਟਾਇਲਾਂ ਅਤੇ ਪ੍ਰੀ-ਮਿਕਸ ਨਾਲ ਬਣਾਉਣ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਹੈ ਅਤੇ ਵਿਕਾਸ ਦੇ ਕੰਮਾਂ ਵਿਚ ਉੱਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਇਹ ਵਿਚਾਰ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਵਾਰਡ ਨੰ: 13 ਫਤਿਹਗੜ ਦੇ ਬਾਜੀਗਰ ਮੁਹੱਲਾ ਵਿਖੇ 24.98 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਦੀਆਂ ਬਣਨ ਵਾਲੀਆਂ ਗਲੀਆਂ ਦੇ ਕੰਮ ਦੀ ਸ਼ੁਰੂਆਤ ਕੌਂਸਲਰ ਮੀਨੂ ਸੇਠੀ ਦੀ ਹਾਜ਼ਰੀ ਵਿਚ ਸ੍ਰੀਮਤੀ ਚਚੰਲਾ ਦੇਵੀ ਵੱਲੋਂ ਰੀਬਨ ਕਟਵਾ ਕੇ ਕਰਵਾਉਣ ਮੌਕੇ ਪ੍ਰਗਟ ਕੀਤੇ। ਉਹਨਾਂ ਦੱਸਿਆ ਕਿ ਬਾਜੀਗਰ ਮੁਹੱਲੇ ਦੀਆਂ ਗਲੀਆਂ ਸੀਵਰੇਜ਼ ਪਾਉਣ ਕਾਰਨ ਖਰਾਬ ਹੋ ਗਈਆਂ ਸਨ। ਇਹਨ੍ਹਾਂ ਨੂੰ ਪੱਕਾ ਬਣਾਉਣ ਲਈ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨ੍ਹਾਂ ਨੇ ਦਸਿੱਆ ਕਿ ਜਿਹਨ੍ਹਾਂ ਮੁਹੱਲਿਆਂ ਵਿੱਚ ਅਜੇ ਸੀਵਰੇਜ਼ ਨਹੀ ਪਾਇਆ ਗਿਆ ਹੈ ਉਹਨ੍ਹਾਂ ਵਿੱਚ ਸੀਵਰੇਜ਼ ਪਾਉਣ ਉਪਰੰਤ ਗਲੀਆਂ ਨੂੰ ਪਕਾ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਹਨ੍ਹਾਂ ਨੇ ਦਸਿੱਆ ਕਿ ਸ਼ਹਿਰ ਨਿਵਾਸੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਨਗਰ ਨਿਗਮ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵਿਕਾਸ ਦੇ ਕੰਮਾਂ ਵਿਚ ਫੰਡਾਂ ਦੀ ਕੋਈ ਵੀ ਕਮੀ ਨਹੀ ਆਉਣ ਦਿੱਤੀ ਜਾਵੇਗੀ।

ਵਾਰਡ ਨੰ: 13 ਦੇ ਕੌਂਸਲਰ ਮੀਨੂ ਸੇਠੀ ਨੇ ਮੇਅਰ ਸ਼ਿਵ ਸੂਦ ਵੱਲੋਂ ਬਾਜੀਗਰ ਮੁਹੱਲੇ ਦੀਆਂ ਗਲੀਆਂ ਇੰਨਟਰਲਾਕਿੰਗ ਟਾਇਲਾਂ ਨਾਲ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ। ਨਗਰ ਨਿਗਮ ਦੇ ਏ.ਐਮ.ਈ ਹਰਪ੍ਰੀਤ ਸਿੰਘ, ਕੁਲਦੀਪ ਕੁਮਾਰ, ਜੇ.ਈ ਅਕਸ਼ੇ ਬਾਂਸਲ, ਲਵਦੀਪ ਸਿੰਘ, ਪ੍ਰੋ: ਪ੍ਰਸ਼ਾਂਤ ਸੇਠੀ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਕੌਂਸਲਰ ਰਮੇਸ਼ ਠਾਕੁਰ, ਅਸ਼ੋਕ ਕੁਮਾਰ, ਅਮਰਜੀਤ ਲਾਡੀ, ਕੁਸੁਮ ਬਾਲਾ, ਸ਼ੀਲਾ, ਨੀਰੂ, ਜਗਿੰਦਰ ਪਾਲ, ਦਰਸ਼ਨ ਸਿੰਘ, ਬਲਬੀਰ ਸਿੰਘ ਅਤੇ ਮੁਹੱਲਾ ਨਿਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।